ਭੂਮਿਕਾ!

ਜਾਨਣਾ ਚਾਹੀਏ ਕਿ ਪ੍ਰਮੇਯ ਪਦਾਰਥ ਦਾ ਸੰਸ਼ਾ ਦੂਰ ਕਰਨ ਵਿਚ ਤਰਕ ਯਾ ਯੁਕਤੀ ਹੀ ਮੁੱਖ ਹੈ। ਕਿਉਂਕਿ ਸੁਣੇ ਹੋਏ ਅਰਥ ਵਿਚ ਉਪਪੱਤੀ ਰੂਪ ਮਨਨ ਤੋਂ ਬਿਨਾਂ ਪ੍ਰਮੇਯ ਸੰਸੇ ਦੀ ਨਵਿਰਤੀ ਨਹੀਂ ਹੁੰਦੀ ਅਤੇ ਤਰਕ ਯਾ ਯੁਕਤੀ ਬਿਨਾਂ ਮਨਨ ਤੋਂ ਹੋ ਹੀ ਨਹੀਂ ਸਕਦਾਇਸ ਲਈ ਸੰਸਾਰ ਦੇ ਸਭ ਪਦਾਰਥ ਪ੍ਰਮੇਯ ਹੋਣ ਕਰਕੇ ਉਨ੍ਹਾਂਦੀ ਠੀਕ ਠੀਕ ਪ੍ਰੀਖਜਾ ਦ੍ਵਾਰਾ ਤਤ੍ਵ ਨੂੰ ਖੋਜਣਾ 'ਤਰਕ' ਵਿਦਿਆ ਅਰਥਾਤ ਨਜਾਇ ਦ੍ਵਾਰਾ ਹੀ ਹੋ ਸਕਦਾ ਹੈ। ਏਸੇ ਵਾਸਤੇ ਕਿਹਾ ਹੈ ਕਿ ਭਾਵੇਂ ਕਾਵਜ, ਕੋਸ਼ ਅਤੇ ਵਿਆਕਰਣ ਦਾ ਪਾਰਗਾਮੀ ਭੀ ਹੋਵੇ, ਮਗਰ ਨਿਆਇ ਸ਼ਾਸਤ੍ਰ ਤੋਂ ਅਗਿ-ਆਤ ਪੁਰਸ਼ ਬਾਲਕ ਹੀ ਹੈ। ਸੋ ਲੌਕ ਬਿਉਹਾਰ ਅਤੇ ਪਾਰਮਾਰਥਿਕ ਖੋਜ ਲਈ ਪਠਨ ਪਾਠਨ ਦੀ ਅਤਯੰਤ ਹੀ ਲੋੜ ਹੈ।

ਏਸ ਵਿਚ 'ਨਯ'ਅਰਥਾਤ ਯੁਕਤੀ ਦੀ ਪ੍ਰਧਾਨਤਾ ਹੋਣ ਕਰਕੇ ਇਹਨੂੰ ਨਜਾਇ ਕਹਿੰਦੇ ਹਨ। ਵਿਕਲਪ ਉਠਾਕੇ ਹੇਤੂ ਪੂਰਬਕ ਪਦਾਰਥਾਂ ਦ ਪ੍ਰਤਿਪਾਦਨ ਯਾ ਵਿਚਾਰਨ ਦੀ ਯੋਗਜ ਰੀਤੀ ਇਸ ਵਿਚ ਹੋਣ ਕਰਕੇ ਇਹਦਾ ਨਾਉਂ ਤਰਕ ਸ਼ਾਸਤ੍ਰ ਭੀ ਹੈ। ਅਤੇ ਅਨੁਮਾਨ ਆਦਿ ਪ੍ਰਕ੍ਰਿਆ ਦੇ ਚੰਗੀ ਤਰਾਂ ਨਿਬਾਹੁਣ ਕਰਕੇ ਏਸ ਵਿਦਯਾ ਨੂੰ 'ਆਨ੍ਵੀਖਜੀ ਕੀ' ਭੀ ਕਹਿੰਦੇ ਹਨ।

ਇਸਦੇ ਪ੍ਰਾਚੀਨ ਆਚਾਰਜ ਗੌਤਮ ਅਤੇ ਵਾਤਸਜ਼ਾ-

੧ ੐ ਸਤਿਗੁਰਪ੍ਰਸਾਦਿ ॥

4.284

'ਨਜਾਇ ਪਰਿਭਾਸ਼ਾ'

ਅਰਥਾਤ

ਨਿਆਇ ਸ਼ਾਸਤ੍ਰ ਵਿਚ ਪ੍ਰਵੇਸ਼ ਹੋਣ ਲਈ ਉਸਦੇ

ਮੁਢਲੇ ਸੰਕੇਤ

The Terminology & cross-examination of old Logic.

ਕ੍ਰਿਤ

ਪੰਡਿਤ ਕਰਤਾਰ ਸਿੰਘ (ਦਾਖਾ)

ਗਿਆਨੀ–"ਸਾਹਿਤਜਾ ਚਾਰਯ"

ਪ੍ਰੋਫੈਸਰ ਸ਼ਹੀਦ ਸਿਖ ਮਿਸ਼ਨਰੀ ਕਾਲਜ

ਸ੍ਰੀ ਅੰਮ੍ਰਿਤਸਰ ਜੀ

ਪ੍ਰਕਾਸ਼ਕ

ਭਾਈ ਸ਼ਾਮ ਸਿੰਘ ਜੀ ਜਰਨੈਲ

ਗੁਰਦੁਆਰਾ ਰੂਮੀ ਜ਼ਿਲਾ ਲੁਧਿਆਣਾ

'ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ' ਅੰਮ੍ਰਿਤਸਰ ਵਿਚ
ਸ: ਕਰਤਾਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ
ਯਤਨ ਨਾਲ ਛਪਿਆ ॥

[ਪਹਿਲੀ ਵਾਰ ੫੦੦] ਭੇਟਾ॥) [ਅਕਤੂਬਰ ੧੯੨੯]

ਪੰਡਿਤ ਕਰਤਾਰ ਸਿੰਘ (ਦਾਖਾ)

ਗਿਆਨੀ–"ਸਾਹਿਤਜਾ ਚਾਰਜ"

ਪ੍ਰੋਫੈਸਰ ਸ਼ਹੀਦ ਸਿਖ ਮਿਸ਼ਨਰੀ ਕਾਲਜ

ਸ੍ਰੀ ਅੰਮ੍ਰਿਤਸਰ ਜੀ

ਇਣ ਆਦਿ ਅਤੇ ਨਵੀਨ ਜਗਦੀਸ਼, ਰਘੁਨਾਥ ਅਤੇ ਵਿਸ਼ਵ ਨਾਥ ਆਦਿਕ ਹੋਏ ਹਨ,ਜਿਨ੍ਹਾਂ ਦੀ ਰਚਨਾ ਸੰਸਕ੍ਰਿਤ ਬੋਲੀ ਵਿਚ ਹੈ।

ਇਕ ਤਾਂ ਕਣਾਦਿ ਮੁਨੀ ਕ੍ਰਿਤ ਵੈਸ਼ੇਸ਼ਕ ਸ਼ਾਸਤ੍ਰ ਨਾਲ ਇਹਦਾ ਸਿਧਾਂਤ ਬਹੁਤਾ ਮਿਲਦਾ ਹੈ । ਦੂਜੇ ਜਿਵੇਂ ਇੱਟਾਂ ਆਦਿਕ ਵਸਤਾਂ ਨੂੰ ਜੜਨ ਲਈ ਚੂਨਾ ਆਦਿ ਹੁੰਦੇ ਹਨ ਓਸੇ ਤਰਾਂ ਪਦਾਰਥ ਤਾਂ ਵੈਸ਼ੇਸ਼ਕ ਆਦਿ ਦੇ ਲੈ ਲਏ ਜਾਂਦੇ ਹਨ ਅਤੇ ਉਨਾਂ ਦੀ ਪ੍ਰੀਖਆ ਆਦਿ ਦੀ ਵਿਚਾਰ ਨਿਆਇ ਦ੍ਵਾਰਾ ਕੀਤੀ ਜਾਂਦੀ ਹੈ। ਇਸ ਤੋਂ ਭ੍ਰਮ ਖਾਕੇ ਕਈਆਂ ਨੇ ਵੈਸ਼ੇਸ਼ਕ ਗ੍ਰੰਥ ਨੂੰ ਨਿਆਇ ਅਤੇ ਨਿਆਇ ਨੂੰ ਵੈਸ਼ੇਸ਼ਕ ਆਖਣਾ ਸ਼ੁਰੂ ਕਰ ਦਿਤਾ ਹੈ । ਅਤੇ ਉਕਤ ਪੁਸਤਕ ਵਿਚ ਭੀ ਪਦਾਰਥ ਭਾਵੇਂ ਵੈਸ਼ੇਸ਼ਕ ਦੇ ਹਨ ਮਗਰ ਉਨ੍ਹਾਂ ਉਤੇ ਨਿਆਇ ਦੀ ਵਰਤੋਂ ਕੀਤੀ ਗਈ ਹੈ, ਇਸ ਲਈ ਵੈਸ਼ੇਸ਼ਕ ਅੰਗ ਅਤੇ ਨਿਆਇ ਅੰਗੀ (ਮੁਖ) ਹੋਣ ਕਰਕੇ ਇਸ ਗ੍ਰੰਥ ਨੂੰ ਨਿਆਇ ਹੀ ਸਮਝਨਾ ਚਾਹੀਦਾ ਹੈ

ਇਕ ਤਾਂ ਇਹ ਵਿਦਿਆ ਹੀ ਬਹੁਤ ਕਠਿਨ ਹੈ, ਦੂਜੇ ਇਸ ਦੀਆਂ ਸਭ ਪੋਥੀਆਂ ਅਕਸਰ ਕਰਕੇ ਸੰਸਕ੍ਰਿਤ ਭਾਸ਼ਾ ਵਿਚ ਹੀ ਹਨ । ਭਾਵੇਂ 'ਨਿਆਇ ਪ੍ਰਕਾਸ਼' ਨਾਮੇ ਕੇਵਲ ਇਕ ਵੱਡਾ ਗ੍ਰੰਥ ਏਸ ਵਿਸ਼ਯ ਦਾ ਭਾਸ਼ਾ ਵਿਚ ਪ੍ਰਸਿੱਧ ਭੀ ਹੈ, ਮਗਰ ਇਕ ਤਾਂ ਉਸ ਦੀ ਭਾਸ਼ਾ ਪੰਜਾਬੀ ਨਹੀਂ, ਦੂਜੇ ਉਸ ਵਿਚ ਸੋਣੀਆਂ ਦੇ ਕ੍ਰਮ ਅਨੁਸਾਰ ਸਿਖਿਆ ਪ੍ਰਣਾਲੀ ਦਾ ਅਭਾਵ ਹੈ। ਅਤੇ ਪ੍ਰਕ੍ਰਿਆ ਦਾ ਭੀ ਵਿਸਤਾਰ ਹੋਣ ਕਰਕੇ ਪਹਿਲ

ਸ਼੍ਰੇਣੀ ਦੇ ਪੰਜਾਬੀ ਦੇ ਵਿਦਿਆਰਥੀਆਂ ਨੂੰ ਉਹ ਪੁਸਤਕ ਯੋਗਜ ਲਾਭਕਾਰੀ ਨਹੀਂ ਹੈ।

ਸੰਸਕ੍ਰਿਤ ਵਿਚ ਸਭ ਤੋਂ ਪਹਿਲੀ ਸ਼੍ਰੇਣੀ ਦੀ ਪੁਸਤਕ ਅਨੰਭੱਟ ਦੀ ਰਚੀ ਹੋਈ 'ਤਰਕ ਸੰਗ੍ਰਹਿ' ਹੈ। ਅਤੇ ਬ੍ਰਜ ਭਾਸ਼ਾ ਵਿਚ ਉਹਦੇ ਕਈ ਟੀਕੇ ਭੀ ਹੋ ਚੁਕੇ ਹਨ। ਮਗਰ ਉਨ੍ਹਾਂ ਵਿਚ ਕਈਆਂ ਨੇ ਤਾਂ ਅਪਣੀ ਵਿਦ੍ਵਤਾ ਦਿਖਾਉਣ ਲਈ ਸੰਸਕ੍ਰਿਤ ਪਦ, ਉੱਚੇ ਗ੍ਰੰਥਾਂ ਦੇ ਪ੍ਰਮਾਣ ਆਦਿ ਵਰਤਕੇ ਮੂਲ ਨਾਲੋਂ ਭੀ ਉਨ੍ਹਾਂ ਨੂੰ ਔਖਾ ਕਰ ਦਿਤਾ ਹੈ, ਅਤੇ ਕਈਆਂ ਨੇ ਪਦ ਕ੍ਰਿਤਤਾ ਅਤੇ ਸ਼ਾਸਤ੍ਰਾਰਥ ਟੀਕੇ ਵਿਚ ਹੀ ਰਲਾ ਦਿਤੇ ਹਨ ਜਿਸ ਨੂੰ ਸਮਝਣਾ ਪਹਿਲੀ ਸ਼੍ਰੇਣੀ ਦੇ ਵਿਦਯਾਰਥੀਆਂ ਨੂੰ ਅਸੰਭਵ ਹੈ। ਅਤੇ ਪੰਜਾਬੀ ਵਿਚ ਉਸ ਦਾ ਕੇਵਲ ਇਕ ਅਨੁਵਾਦ ਪੰਡਿਤ ਭਾਨੁ ਦੱਤ (ਲਾਹੌਰ ਵਾਸੀ) ਦਾ ਹੈ ਜੋ ਕਿ ਬਹੁਤ ਸਾਰਾ ਅਸ਼ੁੱਧ ਹੈ। ਇਸ ਪਰਕਾਰ ਪੰਜਾਬੀ ਦੇ ਵਿਦਿਆਰਥੀਆਂ ਨਿਆਇ ਵਿਸ਼ਯ ਦਾ ਗਿਆਨ ਹੋਣਾ ਤਾਂ ਕਿਧਰੇ ਰਿਹਾ ਕੇਵਲ ਨਾਮ ਮਾਤਰ ਤੋਂ ਭੀ ਗਿਆਤਤਾ ਨਾਂ ਹੋਈ।

ਏਸ ਔਖ ਨੂੰ ਅਨੁਭਵ ਕਰਕੇ ਨਵੀਨ ਸਿਖਯਾ ਪ੍ਰਣਾਲੀ ਅਨੁਸਾਰ ਨਿਆਇ ਵਿਸ਼ਯ ਵਰਣਨ ਦੀ ਲੜੀ ਆਰੰਭ ਕੀਤੀ ਗਈ । ਜਿਸ ਦੀ ਇਹ ਪਹਿਲੀ ਪੁਸਤਕ ਸਜਣਾਂ ਦੀ ਦ੍ਰਿਸ਼ਟੀ ਗੋਚਰ ਕੀਤੀ ਜਾਂਦੀ ਹੈ। ਤਾਕਿ ਪਹਿਲੀ ਸ਼੍ਰੇਣੀ ਦੇ ਵਿਦਿਆਰਥੀ ਇਸਦਾ ਰੁਤ੍ਬਾ ਜਾਣਕੇ ਨਿਆਇ ਸ਼ਾਸਤ੍ਰ ਵਿਚ ਪ੍ਰਵੇਸ਼ ਹੋ ਸਕਣ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.